# ਕਰਮਚਾਰੀਆਂ ਅਤੇ ਗਾਹਕਾਂ ਲਈ ਦੁਕਾਨਾਂ ਨੂੰ ਸੁਰੱਖਿਅਤ ਰੱਖਣਾ

**by Indian Scientists Response to Covid**
https://indscicov.in/

IndiSciCovid

**ਜ਼ਰੂਰੀ ਸੇਵਾ ਦੀਆਂ ਦੁਕਾਨਾਂ, ਜਿਵੇਂ ਕਰਿਆਨੇ ਦੀਆਂ ਦੁਕਾਨਾਂ ਅਤੇ ਫਾਰਮਐਸੀਆਂ, ਨੂੰ ਕੋਵਿਡ-19 ਨਾਲ ਨਜਿੱਠਣ ਲਈ ਐਲਾਨ ਕੀਤੀ ਤਾਲਾਬੰਦੀ ਦੌਰਾਨ ਖੁੱਲੇ ਰਹਿਣ ਦੀ ਆਗਿਆ ਦਿੱਤੀ ਗਈ ਹੈ। ਕਿਉਂਕਿ ਇਹ ਉਹ ਥਾਵਾਂ ਹਨ ਜਿਥੇ ਬਹੁਤ ਸਾਰੇ ਲੋਕ ਆਉਣਗੇ, ਬਿਮਾਰੀ ਦੇ ਫੈਲਣ ਲਈ ਇਹ ਸੰਭਵ ਹੋਟਸਪੋਟ ਹਨ। ਹਾਲਾਂਕਿ ਕਿ ਹੱਥ ਧੋਣ, ਸਰੀਰਕ ਦੂਰੀ ਬਣਾਏ ਰੱਖਣ ਅਤੇ ਸਤਹ ਸਾਫ ਰੱਖਣ ਦੇ ਆਮ ਅਭਿਆਸਾਂ ਦਾ ਪਾਲਣ ਕਰਨਾ ਮਹੱਤਵਪੂਰਨ ਹੈ, ਕੁਝ ਖਾਸ ਉਪਾਅ ਹਨ ਜੋ ਤੁਹਾਨੂੰ, ਇੱਕ ਜ਼ਰੂਰੀ ਸੇਵਾ ਕਰਮਚਾਰੀ ਹੋਣ ਦੇ ਨਾਤੇ, ਲੈਣ ਦੀ ਜ਼ਰੂਰਤ ਹੈ। ਇਹ ਉਪਾਅ ਜਨਤਾ ਨੂੰ ਜ਼ਰੂਰੀ ਚੀਜ਼ਾਂ ਪ੍ਰਦਾਨ ਕਰਨ ਦੇ ਨਾਲ-ਨਾਲ, ਤੁਹਾਡੇ ਸਾਥੀ ਅਤੇ ਤੁਹਾਡੇ ਪਰਿਵਾਰ ਨੂੰ ਸੁਰੱਖਿਅਤ ਅਤੇ ਸਿਹਤਮੰਦ ਰਹਿਣ ਵਿੱਚ ਸਹਾਇਤਾ ਕਰ ਸਕਦੇ ਹਨ।**



### ਦੁਕਾਨਦਾਰਾਂ ਲਈ ਆਮ ਦਿਸ਼ਾ ਨਿਰਦੇਸ਼:

ਕੋਵਿਡ -19 ਮਹਾਂਮਾਰੀ ਦੇ ਦੌਰਾਨ, ਨਿਯਮਿਤ ਤੌਰ ਤੇ ਹੱਥ ਧੋਣ ਅਤੇ ਆਪਣੇ ਹੱਥਾਂ ਨੂੰ ਆਪਣੇ ਚਿਹਰੇ ਤੋਂ ਦੂਰ ਰੱਖਣ ਦਿਸ਼ਾ ਨਿਰਦੇਸ਼ ਹਰੇਕ ਲਈ ਲਾਗੂ ਹੁੰਦੇ ਹਨ! ਇਨ੍ਹਾਂ ਉਪਾਵਾਂ ਦੀ ਦੁਕਾਨ ਦੇ ਸਾਰੇ ਕਰਮਚਾਰੀਆਂ ਦੁਆਰਾ ਸਖਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ। ਗਾਹਕਾਂ ਨਾਲ ਗੱਲਬਾਤ ਕਰਦੇ ਸਮੇਂ, ਇਹ ਵੀ ਸਿਫਾਰਸ਼ ਕੀਤੀ ਜਾਂਦੀ ਹੈ ਕਿ ਤੁਸੀਂ ਇੱਕ ਮਾਸਕ ਪਹਿਨੋ। ਕੁਝ ਲੋਕ ਵਾਧੂ ਸਾਵਧਾਨ ਰਹਿਣ ਲਈ ਸਿਰ ਨੂੰ ਢੱਕਦੇ ਅਤੇ ਦਸਤਾਨੇ ਪਹਿਨਦੇ ਹਨ।



ਜੇ ਤੁਸੀਂ ਰਾਸ਼ਨ ਦੀ ਦੁਕਾਨ ਵਿੱਚ ਖੁੱਲੇ, ਬਿਨਾਂ ਪੈਕ ਕੀਤੇ ਭੋਜਨ ਵੇਚ ਰਹੇ ਹੋ, ਤਾਂ ਤੁਸੀਂ ਵੱਡੇ ਪਲਾਸਟਿਕ ਟਿਊਬਾਂ ਵਰਗੇ ਸਧਾਰਣ ਸਾਧਨਾਂ ਦੀ ਵਰਤੋਂ ਕਰ ਸਕਦੇ ਹੋ ਤਾਂ ਜੋ ਤੁਸੀਂ ਗਾਹਕਾਂ ਤੋਂ ਢੁਕਵੀਂ ਸਰੀਰਕ ਦੂਰੀ ਨੂੰ ਯਕੀਨੀ ਬਣਾ ਸਕੋ।



### ਜੇ ਤੁਸੀਂ ਬਿਮਾਰ ਹੋ:

ਜੇ ਤੁਸੀਂ ਜਾਂ ਦੁਕਾਨ ਵਿੱਚ ਕੰਮ ਕਰ ਰਿਹਾ ਕੋਈ ਵੀ ਵਿਅਕਤੀ ਖਾਂਸੀ ਜਾਂ ਬੁਖਾਰ ਵਰਗੇ ਲੱਛਣ ਦਿਖਾਉਦਾ ਹੈ, ਤਾਂ ਉਨ੍ਹਾਂ ਨੂੰ ਛੁੱਟੀ ਲੈਣੀ ਚਾਹੀਦੀ ਹੈ। ਚੰਗਾ ਹੋਵੇਗਾ ਜੇ ਤੁਸੀਂ ਅਜਿਹੇ ਕਰਮਚਾਰੀਆਂ ਨੂੰ ਤਨਖਾਹ ਦੇ ਨਾਲ ਛੁੱਟੀ ਦਿੰਦੇ ਹੋ। ਇਹ ਵਿੱਤੀ ਸਹਾਇਤਾ ਕਰਮਚਾਰੀਆਂ ਦੇ ਠੀਕ ਹੋਣ ਵਿੱਚ ਸਹਾਇਤਾ ਕਰੇਗੀ ਅਤੇ ਨਾਲ ਹੀ ਇਹ ਵੀ ਸੁਨਿਸ਼ਚਿਤ ਕਰੇਗੀ ਕਿ ਦੂਜੇ ਕਰਮਚਾਰੀ ਅਤੇ ਗਾਹਕਾਂ ਨੂੰ ਸੰਕਰਮਣ ਦਾ ਖ਼ਤਰਾ ਨਹੀਂ ਹੈ।

### ਨਿੱਜੀ/ਘਰੇਲੂ ਸਫਾਈ:

ਤੁਹਾਨੂੰ ਘਰ ਆਉਂਦੇ ਸਾਰ ਹੀ ਨਹਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਤਾਂ ਜੋ ਦਿਨ ਦੌਰਾਨ ਤੁਹਾਡੇ ਉੱਤੇ ਆਉਣ ਵਾਲੇ ਕਿਸੇ ਵੀ ਵਾਇਰਸ ਨੂੰ ਤੁਹਾਡੇ ਪਰਿਵਾਰ ਦੇ ਮੈਂਬਰ ਨਾਲ ਸੰਕਰਮਣ ਨਾ ਹੋ ਸਕੇ। ਸਟੋਰ ਵਿੱਚ ਤੁਸੀਂ ਪਹਿਨੇ ਹੋਏ ਕੱਪੜੇ ਇਕ ਵੱਖਰੀ ਬਾਲਟੀ ਵਿੱਚ ਪਾ ਦਿਓ। ਜੇ ਹੋ ਸਕੇ ਤਾਂ ਤੁਰੰਤ ਸਾਬਣ ਅਤੇ ਪਾਣੀ ਨਾਲ ਕੱਪੜੇ ਧੋ ਲਓ।



## ਸਮਾਨ ਖਰੀਦਣਾ ਅਤੇ ਡਲਿਵਰੀ ਲੈਣਾ:



ਸਾਰਿਆਂ ਨੂੰ ਜਨਤਕ ਤੌਰ 'ਤੇ 1-2 ਮੀਟਰ ਦੀ ਸਰੀਰਕ ਦੂਰੀ ਬਣਾਈ ਰੱਖਣ ਦੀ ਲੋੜ ਹੁੰਦੀ ਹੈ। ਥੋਕ ਬਾਜ਼ਾਰ, ਜਿੱਥੋਂ ਦੁਕਾਨਦਾਰ ਆਪਣੀ ਦੁਕਾਨ ਲਈ ਸਮਾਨ ਖਰੀਦਦਾ ਹੈ, ਨੂੰ ਵੀ ਕੋਵਿਡ -19 ਦੀਆਂ ਹਦਾਇਤਾਂ ਦੀ ਪਾਲਣਾ ਕਰਦਿਆਂ ਇੱਕ ਸੁਰੱਖਿਅਤ ਦੂਰੀ ਬਣਾਈ ਰੱਖਣ ਵਾਲੇ ਲੋਕਾਂ ਦੀ ਕਤਾਰ ਬਣਾਉਣੀ ਚਾਹੀਦੀ ਹੈ। ਥੋਕ ਬਾਜ਼ਾਰ, ਜਿੱਥੋਂ ਦੁਕਾਨਦਾਰ ਸਮਾਨ ਖਰੀਦਦੇ ਹਨ, ਵਿੱਚੋ ਦੀ ਕਤਾਰਾਂ ਲਗਾਉਣ ਲਈ ਇੱਕ ਸਿਸਟਮ ਵੀ ਹੋਣਾ ਚਾਹੀਦਾ ਹੈ। ਜਦੋਂ ਤੁਸੀਂ ਬਾਹਰ ਹੋਵੋ ਤਾਂ ਮਾਸਕ ਪਹਿਨਣ ਅਤੇ ਆਪਣੇ ਹੱਥ ਸਾਬਣ ਨਾਲ ਧੋਣ ਦੀ ਸਲਾਹ ਦਿੱਤੀ ਜਾਂਦੀ ਹੈ। ਜੇ ਸੰਭਵ ਹੋਵੇ ਤਾਂ ਭੁਗਤਾਨਾਂ ਲਈ ਔਨਲਾਈਨ ਟ੍ਰਾਂਸੈਕਸ਼ਨਾਂ ਦੀ ਵਰਤੋਂ ਕਰੋ।



ਜੇ ਤੁਸੀਂ ਸਟਾਕ ਦੀ ਡਿਲਿਵਰੀ ਲੈ ਰਹੇ ਹੋ, ਤਾਂ ਸਭ ਤੋਂ ਵਧੀਆ ਹੈ ਜੇ ਚੀਜ਼ਾਂ ਦੁਕਾਨ ਦੇ ਬਾਹਰ ਪ੍ਰਾਪਤ ਕਰੋ ਜਿੱਥੇ ਤੁਸੀਂ ਸਮਾਨ ਲਿਆਉਣ ਤੋਂ ਪਹਿਲਾਂ ਸਾਵਧਾਨੀ ਨਾਲ ਬਕਸੇ/ਕਰੇਟ ਖੋਲ੍ਹ ਸਕਦੇ ਹੋ। ਜੇ ਹੋ ਸਕੇ, ਤਾਂ ਬਕਸੇ ਨੂੰ ਸਾਬਣ ਵਾਲੇ ਪਾਣੀ ਵਿੱਚ ਡੋਬੇ ਹੋਏ ਕੱਪੜੇ ਨਾਲ ਪੂੰਝੋ (ਖ਼ਾਸਕਰ ਉਸ ਹਿੱਸੇ ਦੇ ਦੁਆਲੇ ਜਿੱਥੋਂ ਤੁਸੀਂ ਇਸ ਨੂੰ ਖੋਲ੍ਹੋਗੇ)।

## ਸਮਾਨ ਦਾ ਭੰਡਾਰਨ:

ਸਾਰੇ ਬਿਨਾਂ ਖੁਲੇ ਸਮਾਨ ਜਿਵੇਂ ਚਾਵਲ ਅਤੇ ਦਾਲ ਨੂੰ ਢੱਕੇ ਕੰਟੇਨਰਾਂ ਵਿੱਚ ਰੱਖੋ। ਦਿਨ ਦੇ ਅੰਤ ਵਿੱਚ ਇਨ੍ਹਾਂ ਡੱਬਿਆਂ ਨੂੰ ਇੱਕ ਸਾਬਣ ਵਾਲੇ ਕੱਪੜੇ ਨਾਲ ਪੂੰਝੋ। ਪੈਕ ਕੀਤੀਆਂ ਚੀਜ਼ਾਂ ਜਿਵੇਂ ਬੋਤਲਾਂ ਅਤੇ ਬਕਸੇ ਸ਼ੈਲਫਾਂ 'ਤੇ ਰੱਖੀਆਂ ਜਾ ਸਕਦੀਆਂ ਹਨ: ਉਹ ਆਮ ਤੌਰ' ਤੇ ਬੰਦ ਬਾਕਸਾਂ ਤੋਂ ਆਉਂਦੀਆਂ ਹਨ ਜੋ ਹਾਲ ਹੀ ਵਿੱਚ ਨਹੀਂ ਸੰਭਾਲੀਆਂ ਗਈਆਂ ਹਨ, ਇਸ ਲਈ ਇਸ 'ਤੇ ਵਾਇਰਸਾਂ ਦਾ ਥੋੜਾ ਜੋਖਮ ਹੈ। ਆਮ ਤੌਰ 'ਤੇ ਫਲਾਂ ਅਤੇ ਸਬਜ਼ੀਆਂ ਨੂੰ ਖੁੱਲ੍ਹੇ ਵਿੱਚ ਰੱਖਿਆ ਜਾ ਸਕਦਾ ਹੈ, ਇਸ ਤਰਾਂ ਦੇ ਸਮਾਨ ਥੋੜੇ ਸਮੇਂ ਲਈ ਸ਼ੈਲਫ 'ਤੇ ਰਹਿੰਦੇ ਹਨ। ਵੈਸੇ ਵੀ ਇਹ ਸਿਫਾਰਸ਼ ਕੀਤੀ ਜਾਂਦੀ ਹੈ ਕਿ ਲੋਕ ਘਰ ਆਉਣ ਤੇ ਸਟੋਰੇਜ਼ ਤੋਂ ਪਹਿਲਾਂ ਫਲ ਅਤੇ ਸਬਜ਼ੀਆਂ (ਹੋਰ ਪੈਕਿੰਗ ਹੋਈਆਂ ਚੀਜ਼ਾਂ) ਨੂੰ ਚੰਗੀ ਤਰ੍ਹਾਂ ਧੋਣ। ਆਮ ਤੌਰ 'ਤੇ, ਗਾਹਕਾਂ ਨੂੰ ਸਮਝਾਓ ਕਿ ਉਨ੍ਹਾਂ ਨੂੰ ਉਹੀ ਛੂਹਣੀਆਂ ਚਾਹੀਦੀਆਂ ਹਨ ਜੋ ਉਹ ਖਰੀਦਣਾ ਚਾਹੁੰਦੇ ਹਨ, ਤਾਂ ਜੋ ਵਾਇਰਸ ਫੈਲਣ ਦੀ ਸੰਭਾਵਨਾ ਨੂੰ ਘੱਟ ਕੀਤਾ ਜਾ ਸਕੇ।

## ਮਾਲ ਵੇਚਣਾ:

ਹਰੇਕ ਨੂੰ ਬਾਹਰ ਜਾਣ ਵੇਲੇ ਦੁਬਾਰਾ ਵਰਤੋਂ ਯੋਗ ਕੱਪੜੇ ਦਾ ਮਾਸਕ ਪਾਹਿਨਣਾ ਚਾਹੀਦਾ ਹੈ। ਦੁਕਾਨਦਾਰਾਂ ਲਈ ਇਹ ਮਹੱਤਵਪੂਰਣ ਹੈ ਕਿ ਉਹ ਨਿਮਰਤਾ ਸਹਿਤ ਗਾਹਕਾਂ ਨੂੰ ਮਾਸਕ ਪਹਿਨਣ ਦਾ ਨਿਰਦੇਸ਼ ਦੇਣ। ਤੁਸੀਂ ਆਪਣੀ ਦੁਕਾਨ ਦੇ ਪ੍ਰਵੇਸ਼ ਦੁਆਰ 'ਤੇ ਇਕ ਕਿਤਾਬਚਾ/ਦਸਤਾਵੇਜ਼ ਚਿਪਕਾ ਸਕਦੇ ਹੋ ਅਤੇ ਗਾਹਕਾਂ ਨੂੰ ਕੋਵਿਡ-19 ਨਾਲ ਸਬੰਧਤ ਸਾਵਧਾਨੀਆਂ ਵਰਤਣ ਲਈ ਸੂਚਿਤ ਕਰ ਸਕਦੇ ਹੋ।

## ਤੁਹਾਡੀ ਦੁਕਾਨ ਦੇ ਅਕਾਰ ਦੇ ਅਧਾਰ ਤੇ, ਤੁਸੀਂ ਇਹਨਾਂ ਵਿੱਚੋਂ ਇੱਕ ਵਿਕਲਪ ਦਾ ਪਾਲਣ ਕਰ ਸਕਦੇ ਹੋ



ਵਿਕਲਪ 1: (ਛੋਟੀਆਂ ਇਨਡੋਰ ਦੁਕਾਨਾਂ ਲਈ)
ਤੁਸੀਂ ਪ੍ਰਵੇਸ਼ ਦੁਆਰ 'ਤੇ ਜਾਂ ਉਸਦੇ ਨੇੜੇ ਗਾਹਕਾਂ ਨੂੰ ਸਮਾਨ ਦੇ ਸਕਦੇ ਹੋ। ਆਪਣੇ ਗਾਹਕਾਂ ਨੂੰ ਸੂਚੀਆਂ ਦੇ ਨਾਲ ਆਉਣ ਲਈ ਉਤਸ਼ਾਹਿਤ ਕਰੋ ਤਾਂ ਜੋ ਤੁਸੀਂ ਉਨ੍ਹਾਂ ਦੀ ਜਲਦੀ ਅਤੇ ਕੁਸ਼ਲਤਾ ਨਾਲ ਸੇਵਾ ਕਰ ਸਕੋ।

ਵਿਕਲਪ 2: (ਵੱਡੇ ਅੰਦਰਲੇ ਸਟੋਰਾਂ ਲਈ)
ਦੁਕਾਨ ਵਿਚ ਦਾਖਲ ਹੋਣ ਵਾਲਿਆਂ ਨੂੰ ਆਪਣੇ ਹੱਥ ਸਾਫ ਕਰਨ ਲਈ ਕਹੋ <ਹੱਥ ਧੋਣ ਵਾਲਾ ਲਿੰਕ>। ਜੇ ਸੰਭਵ ਹੋਵੇ ਤਾਂ ਪ੍ਰਵੇਸ਼ ਦੁਆਰ 'ਤੇ ਸਾਬਣ ਨਾਲ ਸਿੰਕ (ਵਾਸ਼ਬੇਸਿਨ) ਰੱਖੋ। ਜੇ ਸੰਭਵ ਹੋਵੇ, ਤਾਂ ਪ੍ਰਵੇਸ਼ ਦੁਆਰ ਦੇ ਨੇੜੇ ਅਲਕੋਹਲ ਦੇ ਸੈਨੀਟਾਈਜ਼ਰ ਲਗਾਉਣ ਦੀ ਕੋਸ਼ਿਸ਼ ਕਰੋ ਅਤੇ ਗਾਹਕਾਂ ਨੂੰ ਆਪਣੇ ਹੱਥ ਸੁੱਕਾਉਣ ਲਈ ਕਾਗਜ਼ ਨੈਪਕਿਨ ਪ੍ਰਦਾਨ ਕਰੋ ਅਤੇ ਇਕ ਵੱਖਰੇ ਕੂੜੇਦਾਨ ਵਿਚ ਸੁਰੱਖਿਅਤ ਢੰਗ ਨਾਲ ਨੈਪਕਿਨ ਇਕੱਠੇ ਕਰੋ। ਜੇ ਸੰਭਵ ਹੋਵੇ, ਤਾਂ ਦਰਵਾਜ਼ੇ ਖੁੱਲੇ ਛੱਡ ਦਿਓ ਤਾਂ ਜੋ ਗ੍ਰਾਹਕਾਂ ਨੂੰ ਸਟੋਰ ਵਿਚ ਆਉਣ/ਬਾਹਰ ਜਾਣ ਲਈ ਹੈਂਡਲ ਜਾਂ ਨੁੱਕਰ ਨੂੰ ਛੂਹਣ ਦੀ ਲੋੜ ਨਾ ਪਵੇ। ਤੁਸੀਂ ਦੁਕਾਨ ਨੂੰ ਹਵਾਦਾਰ ਰੱਖਣ ਲਈ ਖਿੜਕੀਆਂ ਨੂੰ ਵੀ ਖੁੱਲਾ ਛੱਡ ਸਕਦੇ ਹੋ.
ਤੁਸੀਂ ਇੱਕ ਸਮੇਂ ਦੁਕਾਨ ਤੇ ਆਉਣ ਵਾਲੇ ਗਾਹਕਾਂ ਦੀ ਸੰਖਿਆ ਨੂੰ ਸੀਮਤ ਕਰ ਸਕਦੇ ਹੋ। ਇਹ ਨੰਬਰ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਤੁਹਾਡੀ ਦੁਕਾਨ ਕਿੰਨੀ ਵੱਡੀ ਹੈ ਅਤੇ 1-2 ਮੀਟਰ ਦੀ ਸਰੀਰਕ ਦੂਰੀ ਬਣਾਈ ਰੱਖਦੇ ਹੋਏ ਦੁਕਾਨ ਦੇ ਅੰਦਰ ਕਿੰਨੇ ਗਾਹਕ ਆ ਸਕਦੇ ਹਨ।

ਵਿਕਲਪ 3: (ਬਾਹਰੀ (ਸੀਮਾਰਹਿੱਤ) / ਥੋਕ ਦੁਕਾਨਾਂ)
ਬਾਹਰੀ ਅਤੇ ਥੋਕ ਬਾਜ਼ਾਰਾਂ ਵਿਚ ਆਮ ਤੌਰ 'ਤੇ ਘੱਟ ਜਗ੍ਹਾ ਹੁੰਦੀ ਹੈ ਜੋ ਵਾਇਰਸਾਂ ਨੂੰ ਆਕਰਸ਼ਤ ਕਰ ਸਕਦੀ ਹੈ। ਤੁਹਾਨੂੰ ਫਿਰ ਵੀ ਆਪਣੀ ਦੁਕਾਨ ਜਾਂ ਆਸ ਪਾਸ ਦੀਆਂ ਦੁਕਾਨਾਂ ਤੋਂ 1-2 ਮੀਟਰ ਦੀ ਦੂਰੀ ਨੂੰ ਬਣਾਉਣਾ ਚਾਹੀਦਾ ਹੈ। ਇਹ ਯਕੀਨੀ ਬਣਾਉਣਾ ਵੀ ਮਹੱਤਵਪੂਰਨ ਹੈ ਕਿ ਤੁਹਾਡਾ ਆਸ-ਪਾਸ ਸਾਫ਼ ਹੋਵੇ। ਹਰ ਦਿਨ ਦੇ ਅੰਤ ਤੇ, ਦਿਨ ਲਈ ਇਕੱਠੇ ਕੀਤੇ ਕੂੜੇ ਨੂੰ ਸਹੀ ਜਗ੍ਹਾ ਤੇ ਰੱਖੋ।



**ਕਤਾਰ:**

ਇਹ ਸੰਭਵ ਹੈ ਕਿ ਗਾਹਕਾਂ ਨੂੰ ਸੇਵਾ ਤੋਂ ਪਹਿਲਾਂ ਕਤਾਰਾਂ ਵਿੱਚ ਇੰਤਜ਼ਾਰ ਕਰਨਾ ਪੈ ਸਕਦਾ ਹੈ। ਕ੍ਰਿਪਾ ਕਰਕੇ ਉਨ੍ਹਾਂ ਨੂੰ ਕਤਾਰ ਵਿਚ ਹੁੰਦੇ ਹੋਏ ਸਰੀਰਕ ਦੂਰੀ ਬਣਾਈ ਰੱਖਣ ਦੀ ਬੇਨਤੀ ਕਰੋ। ਤੁਸੀਂ ਦੁਕਾਨ ਦੇ ਬਾਹਰ ਫੁੱਟਪਾਥ ਜਾਂ ਸੜਕ 'ਤੇ ਘੱਟੋ ਘੱਟ 1-2 ਮੀਟਰ ਦੀ ਦੂਰੀ' ਤੇ ਚੱਕਰ ਬਣਾ ਕੇ ਉਨ੍ਹਾਂ ਦੀ ਮਦਦ ਕਰ ਸਕਦੇ ਹੋ।



ਦਿਨ ਦੇ ਅਖੀਰ ਵਿਚ, ਸਾਰੇ ਕਾਊਂਟਰਾਂ ਅਤੇ ਹੋਰ ਸਤਹਾਂ ਜਿਵੇਂ ਕਿ ਹੈਂਡਲਜ਼, ਢੱਕਣ, ਨਕਦ ਬਕਸੇ ਆਦਿ ਨੂੰ ਸਾਫ਼ ਕਰਨ ਲਈ ਸਾਬਣ ਵਾਲੇ ਪਾਣੀ ਦੀ ਵਰਤੋਂ ਕਰੋ। ਦੂਜੀਆਂ ਅਕਸਰ ਛੂਹਣ ਵਾਲੀਆਂ ਸਤਹਾਂ, ਜਿਵੇਂ ਟੂਟੀਆਂ, ਦਰਵਾਜ਼ੇ ਦੇ ਹੈਂਡਲ, ਦਰਵਾਜ਼ੇ ਦੇ ਤਾਲੇ ਅਤੇ ਫਲੱਸ਼ ਬਟਨਾਂ ਨੂੰ ਸਾਬਣ ਵਾਲੇ ਪਾਣੀ ਨਾਲ ਸਾਫ਼ ਕਰਨਾ ਨਾ ਭੁੱਲੋ। ਹਰ ਰੋਜ਼ ਸਾਬਣ ਅਤੇ ਪਾਣੀ ਨਾਲ ਵਾਸ਼ਬੇਸਿਨ ਅਤੇ ਪਖਾਨੇ ਸਾਫ਼ ਕਰੋ ਅਤੇ ਦਿਨ ਵਿਚ ਕੁਝ ਵਾਰ 1% ਬਲੀਚ ਨਾਲ ਰੋਗਾਣੂ ਮੁਕਤ ਕਰੋ.

ਦੂਜੇ ਕੱਪੜਿਆਂ ਤੋਂ ਵੱਖ ਕਰਕੇ ਡਿਟਰਜੈਂਟ ਨਾਲ ਦੁਬਾਰਾ ਵਰਤਣਯੋਗ ਟੋਪੀਆਂ, ਮਾਸਕ ਅਤੇ ਐਪਰਨ ਧੋਵੋ। ਇਹ ਸੁਨਿਸ਼ਚਿਤ ਕਰੋ ਕਿ ਸਾਰੇ ਵਰਕਰਾਂ ਨੂੰ ਹਰ ਰੋਜ਼ ਇੱਕ ਤਾਜ਼ਾ, ਸਾਫ ਸੁਥਰਾ ਸੈੱਟ ਪ੍ਰਦਾਨ ਕੀਤਾ ਜਾਵੇ। ਕੋਈ ਵੀ ਡਿਸਪੋਸੇਜਲ ਮਾਸਕ, ਦਸਤਾਨੇ, ਕੈਪਸ, ਐਪਰਨ ਸੁਰੱਖਿਅਤ ਢੰਗ ਨਾਲ ਸੁੱਟੋ। ਪਹਿਲਾਂ ਉਨ੍ਹਾਂ ਨੂੰ 1% ਘਰੇਲੂ ਬਲੀਚ ਦੀ ਵਰਤੋਂ ਕਰਕੇ ਰੋਗਾਣੂਨਾਸ਼ਕ ਕਰੋ ਅਤੇ ਫਿਰ ਜਾਂ ਤਾਂ ਸਾੜੋ ਜਾਂ ਜ਼ਮੀਨ ਵਿਚ ਡੂੰਘਾ ਦਫਨਾਓ.




**ਭੁਗਤਾਨ:**

ਕਿਉਂਕਿ ਤੁਹਾਨੂੰ ਸ਼ਾਇਦ ਕਰੰਸੀ ਨੋਟਾਂ ਅਤੇ ਸਿੱਕਿਆਂ ਦੀ ਕਾਫੀ ਮਾਤਰਾ ਨੂੰ ਸੰਭਾਲਣਾ ਪਏਗਾ, ਤੁਹਾਨੂੰ ਇਹ ਯਕੀਨੀ ਬਣਾਉਣ ਲਈ ਵਿਸ਼ੇਸ਼ ਸਾਵਧਾਨੀਆਂ ਵਰਤਣੀਆਂ ਚਾਹੀਦੀਆਂ ਹਨ ਕਿ ਇਹਨਾਂ ਤੋਂ ਵਾਇਰਸ ਫੈਲ ਨਹੀਂ ਰਿਹਾ ਹੈ। ਆਪਣੇ ਹੱਥ ਸਾਬਣ ਨਾਲ ਜਿੰਨੀ ਵਾਰ ਹੋ ਸਕੇ, ਧੋਵੋ। ਤੁਸੀਂ ਕਰੰਸੀ ਨੂੰ ਸੰਭਾਲਦੇ ਸਮੇਂ ਦਸਤਾਨੇ ਦੀ ਵਰਤੋਂ ਕਰ ਸਕਦੇ ਹੋ ਪਰ ਤੁਹਾਨੂੰ ਧਿਆਨ ਰੱਖਣਾ ਚਾਹੀਦਾ ਹੈ ਕਿ ਜਦੋਂ ਵੀ ਤੁਸੀਂ ਉਨ੍ਹਾਂ ਨੂੰ ਵਰਤਦੇ ਹੋ ਤਾਂ ਕਿਸੇ ਹੋਰ ਸਤਹ ਨੂੰ ਨਾ ਛੂਹੋ। ਤੁਸੀਂ ਕਰੰਸੀ ਨੂੰ ਇਕ ਵੱਖਰੇ ਬਕਸੇ ਵਿਚ ਵੀ ਰੱਖ ਸਕਦੇ ਹੋ ਅਤੇ ਇਹ ਸੁਨਿਸ਼ਚਿਤ ਕਰ ਸਕਦੇ ਹੋ ਕਿ ਹਰ ਦਿਨ ਦੇ ਅੰਤ ਵਿਚ ਤੁਸੀਂ ਬਾਕਸ ਨੂੰ ਸਾਬਣ ਅਤੇ ਪਾਣੀ ਨਾਲ ਸਾਫ਼ ਕਰੋ। ਜੇ ਸੰਭਵ ਹੋਵੇ, ਤਾਂ ਪੈਸਿਆਂ ਦੇ ਲੈਣ-ਦੇਣ ਲਈ ਇਕ ਵਿਅਕਤੀ ਨੂੰ ਚੁੱਣ ਸਕਦੇ ਹੋ। ਪਰ ਇਹ ਸੁਨਿਸ਼ਚਿਤ ਕਰੋ ਕਿ ਇਹ ਵਿਅਕਤੀ ਦੁਕਾਨ ਵਿਚਲੇ ਕਿਸੇ ਵੀ ਚੀਜ਼ ਜਾਂ ਸਤਹ ਨੂੰ ਨਹੀਂ ਛੂੰਹਦਾ। ਔਨਲਾਈਨ ਜਾਂ ਨਕਦੀ ਰਹਿਤ ਲੈਣ-ਦੇਣ ਨੂੰ ਉਤਸ਼ਾਹਤ ਕਰੋ।

**ਘਰੋ-ਘਰ ਡਿਲਿਵਰੀ:**

ਸਮਾਨ ਨੂੰ ਇੱਕ ਬਕਸੇ ਜਾਂ ਬੈਗ ਵਿੱਚ ਪਾ ਕੇ ਦੇਣਾ ਚਾਹੀਦਾ ਹੈ ਜੋ ਘਰ ਦੇ ਬਾਹਰ ਰੱਖਿਆ ਜਾ ਸਕਦਾ ਹੈ, ਜਿੱਥੋਂ ਗਾਹਕ ਉਨ੍ਹਾਂ ਨੂੰ ਚੁੱਕ ਸਕਦਾ ਹੈ। ਜੇ ਸੰਭਵ ਹੋਵੇ, ਤਾਂ ਘਰਾਂ ਵਿੱਚ ਦਾਖਲ ਨਾ ਹੋਵੋ ਜਿੱਥੇ ਤੁਸੀਂ ਚੀਜ਼ਾਂ ਦੇਣ ਜਾ ਰਹੇ ਹੋ। ਤੁਸੀਂ ਨਕਦ ਲੈਣ-ਦੇਣ ਲਈ ਇਕ ਛੋਟੇ ਜਿਹੇ ਕੰਟੇਨਰ ਜਾਂ ਥੈਲੀ ਦੀ ਵਰਤੋਂ ਕਰ ਸਕਦੇ ਹੋ, ਤਾਂ ਜੋ ਤੁਹਾਨੂੰ ਬਾਅਦ ਵਿਚ ਸਿਰਫ ਨੋਟਾਂ ਜਾਂ ਸਿੱਕਿਆਂ ਨੂੰ ਸੰਭਾਲਣ ਦੀ ਜ਼ਰੂਰਤ ਪਵੇ, ਜਦੋਂ ਤੁਸੀਂ ਬਾਅਦ ਵਿਚ ਆਪਣੇ ਹੱਥ ਧੋ ਸਕਦੇ ਹੋ।



ਦੁਕਾਨਦਾਰਾਂ ਲਈ ਆਮ ਦਿਸ਼ਾ ਨਿਰਦੇਸ਼:
- ਜਿੰਨੇ ਵਾਰ ਹੋ ਸਕੇ ਹੱਥ ਧੋਵੋ
- ਆਪਣੇ ਚਿਹਰੇ ਨੂੰ ਨਾ ਛੂਹਣ ਦੀ ਕੋਸ਼ਿਸ਼ ਕਰੋ
- ਮਾਸਕ ਪਹਿਨੋ
- ਸਾਰੇ ਕਾਉਂਟਰਾਂ ਅਤੇ ਹੋਰ ਸਤਹਾਂ (ਹੈਂਡਲ, ਢੱਕਣਾਂ ਆਦਿ) ਨੂੰ ਸਾਫ ਕਰਨ ਲਈ ਸਾਬਣ ਦੇ ਪਾਣੀ ਦੀ ਵਰਤੋਂ ਕਰੋ
- ਦੁਬਾਰਾ ਵਰਤੋਂਯੋਗ ਟੋਪੀਆਂ/ ਮਾਸਕ / ਐਪਰਨ ਨੂੰ ਦੂਜੇ ਕੱਪੜਿਆਂ ਤੋਂ ਵੱਖ ਕਰਕੇ ਡਿਟਰਜੈਂਟ ਨਾਲ ਧੋਵੋ
- ਜੇ ਤੁਸੀਂ ਬਿਮਾਰ ਹੋ, ਕੰਮ ਨਾ ਕਰੋ
- ਘਰ ਪਹੁੰਚਦਿਆਂ ਹੀ ਨਹਾਓ
- ਕੰਮ ਵਾਲੇ ਕੱਪੜੇ ਵੱਖਰੇ ਧੋਵੋ




ਸਟਾਕ ਖਰੀਦਣਾ ਅਤੇ ਡਿਲਿਵਰੀਆਂ ਲੈਣਾ:
- ਜੇ ਸੰਭਵ ਹੋਵੇ ਤਾਂ ਆਪਣੀ ਦੁਕਾਨ ਦੇ ਬਾਹਰ ਡਿਲਿਵਰੀਆਂ ਪ੍ਰਾਪਤ ਕਰੋ
- ਸਾਬਣ ਵਾਲੇ ਪਾਣੀ ਨਾਲ ਬਕਸੇ ਸਾਫ ਕਰੋ
- ਬਕਸੇ / ਕਰੇਟ ਬਾਹਰ ਖੋਲ੍ਹੋ
- ਖੋਲ੍ਹਣ ਤੋਂ ਬਾਅਦ ਚੀਜ਼ਾਂ ਅੰਦਰ ਲਿਆਓ

ਸਮੱਗਰੀ ਦਾ ਭੰਡਾਰ:
- ਖੁੱਲਾ ਸਮਾਨ ਜਿਵੇਂ ਕਿ ਚਾਵਲ ਅਤੇ ਦਾਲ ਨੂੰ ਢੱਕੇ ਹੋਏ ਕੰਟੇਨਰਾਂ ਵਿੱਚ ਸਟੋਰ ਕਰੋ
- ਦਿਨ ਦੇ ਅੰਤ ਵਿਚ ਇਨ੍ਹਾਂ ਡੱਬਿਆਂ ਨੂੰ ਸਾਫ ਕਰੋ
- ਫਲ ਅਤੇ ਸਬਜ਼ੀਆਂ ਨੂੰ ਖੁੱਲ੍ਹੇ ਤੌਰ 'ਤੇ ਰੱਖਣਾ ਠੀਕ ਹੈ

ਸਮਾਨ ਵੇਚਣਾ:
- ਜੇ ਤੁਹਾਡੀ ਇੱਕ ਛੋਟੀ, ਇਨਡੋਰ ਦੁਕਾਨ ਹੈ, ਤਾਂ ਪ੍ਰਵੇਸ਼ ਦੁਆਰ 'ਤੇ ਜਾਂ ਨੇੜੇ ਗ੍ਰਾਹਕਾਂ ਦੀ ਸੇਵਾ ਕਰੋ
- ਵੱਡੀਆਂ, ਇਨਡੋਰ ਦੁਕਾਨਾਂ: ਗ੍ਰਾਹਕਾਂ ਨੂੰ ਦਾਖਲ ਹੋਣ ਤੋਂ ਪਹਿਲਾਂ ਆਪਣੇ ਹੱਥ ਸਾਫ਼ ਕਰਨ ਦੀ ਹਦਾਇਤ ਕਰੋ ਅਤੇ ਇਕ ਸਮੇਂ 'ਤੇ ਗਾਹਕਾਂ ਦੀ ਸੰਖਿਆ ਨੂੰ ਸੀਮਤ ਕਰੋ
- ਬਾਹਰੀ / ਥੋਕ ਦੀਆਂ ਦੁਕਾਨਾਂ: ਗਾਹਕਾਂ ਨੂੰ ਇਕ ਦੂਜੇ ਤੋਂ 1-2 ਮੀਟਰ ਦੀ ਦੂਰੀ ਬਣਾਈ ਰੱਖਣ ਲਈ ਕਹੋ
- ਗਾਹਕਾਂ ਨੂੰ ਕਤਾਰ ਵਿੱਚ ਲਗਾਉਣ ਲਈ ਦੁਕਾਨ ਦੇ ਬਾਹਰ 1-2 ਮੀਟਰ ਦੀ ਦੂਰੀ ਤੇ ਚੱਕਰ ਲਗਾਓ

ਭੁਗਤਾਨ:
- ਕਰੰਸੀ ਨੋਟ ਅਤੇ ਸਿੱਕੇ ਇਕ ਵੱਖਰੇ ਬਕਸੇ ਵਿਚ ਰੱਖੋ, ਜੋ ਰੋਜ਼ਾਨਾ ਸਾਬਣ ਅਤੇ ਪਾਣੀ ਨਾਲ ਸਾਫ਼ ਕੀਤਾ ਜਾਂਦਾ ਹੈ
- ਕਰੰਸੀ ਨੂੰ ਸੰਭਾਲਣ ਤੋਂ ਬਾਅਦ ਸਾਬਣ ਨਾਲ ਹੱਥ ਧੋਵੋ.
- ਜੇ ਸੰਭਵ ਹੋਵੇ, ਤਾਂ ਸਾਰੇ ਵਿੱਤੀ ਲੈਣ-ਦੇਣ ਨੂੰ ਸੰਭਾਲਣ ਲਈ ਇਕ ਵਿਅਕਤੀ ਨੂੰ ਨਾਮਜ਼ਦ ਕਰੋ, ਜਾਂ ਔਨਲਾਈਨ ਲੈਣ-ਦੇਣ ਨੂੰ ਉਤਸ਼ਾਹਿਤ ਕਰੋ।

ਘਰੋ-ਘਰ ਡਿਲਿਵਰੀ:
- ਕੋਸ਼ਿਸ਼ ਕਰੋ ਕਿ ਗਾਹਕ ਦੇ ਘਰ ਦਾਖਲ ਨਾ ਹੋਵੋ ਅਤੇ ਡਿਲਿਵਰੀ ਬਾਹਰ ਰੱਖੋ
- ਡਿਲੀਵਰੀ ਦੇ ਦੌਰਾਨ ਇੱਕ ਬਕਸੇ ਜਾਂ ਥੈਲੀ ਦੀ ਵਰਤੋਂ ਕਰਕੇ ਪੈਸਾ ਇਕੱਠਾ ਕਰੋ
- ਪੈਸਿਆਂ ਨੂੰ ਸੰਭਾਲਣ ਤੋਂ ਤੁਰੰਤ ਬਾਅਦ ਆਪਣੇ ਹੱਥ ਧੋਵੋ

Image credits:
Storyweaver, Nivong Sengsakoun, Lavanya Naidu, Shambhavi Singh, AP News, Freepik, Rabin